# ਮੂੰਹੋਂ ਨਿਕਲੀ ਗੱਲ

## ਮੂੰਹੋਂ ਨਿੱਕਲੀ ਗੱਲ....

* ਵੋਟਾਂ ਲਈ ਕਾਂਗਰਸ ਹਰ ਧਾਰਮਿਕ ਸਥਾਨ ਤੋਂ ਵੋਟਾਂ ਮੰਗ ਸਕਦੀ ਏ- ਕੇ. ਪੀ.

– ਅਤੇ ਲੋੜ ਪੈਣ 'ਤੇ ਵੋਟਾਂ ਲਈ ਧਾਰਮਿਕ ਸਥਾਨ ਢੁਹਾ ਵੀ ਸਕਦੀ ਐ।

* ਸੰਗਤਾਂ ਅਖੌਤੀ ਬਾਬਿਆਂ ਤੋਂ ਕੋਹਾਂ ਦੂਰ ਰਹਿਣ– ਗਿਆਨੀ ਗੁਰਬਚਨ ਸਿੰਘ

– ਲਾਗੇ ਰਹਿਣ ਨੂੰ ਅਸੀਂ ਜੁ ਹੈਗੇ ਆਂ।

* ਕੁਰਬਾਨੀਆਂ ਨਾਲ ਸ਼ਾਂਤ ਹੋਏ ਪੰਜਾਬ ਨੂੰ ਮੁੜ ਲਾਂਬੂ ਲਗਾਉਣ ਲਈ ਜ਼ੋਰ-ਸ਼ੋਰ ਨਾਲ ਆਨੰਦਪੁਰ ਸਾਹਿਬ ਦਾ ਮਤਾ ਉਭਾਰਿਆ ਜਾ ਰਿਹੈ– ਕੈਪਟਨ ਅਮਰਿੰਦਰ ਸਿੰਘ

– ਇਸ 'ਤੇ ਦਸਤਖਤ ਤਾਂ ਜਨਾਬ ਹੁਰੀਂ ਵੀ ਕੀਤੇ ਹੋਏ ਹਨ, ਉਦੋਂ ਲਾਂਬੂ ਨੀ ਦਿਸੇ ?

* ਮਾਰਕਸੀ ਪਾਰਟੀ ਨੇ ਮੇਰੇ ਨਾਲ ਧੋਖਾ ਕੀਤਾ– ਕਾ. ਬਲਵੰਤ

– ਜਨਾਨੀਆਂ ਛੇੜਨ ਦਾ ਲਾਇਸੰਸ ਨਾ ਦੇ ਕੇ ?

* ਸੂਬਾ ਸਰਕਾਰਾਂ ਪਰਵਾਸੀ ਭਾਰਤੀਆਂ ਵਲੋਂ ਖਰੀਦੀਆਂ ਜਾ ਰਹੀਆਂ ਜਾਇਦਾਦਾਂ 'ਤੇ ਨਜ਼ਰ ਰੱਖਣ– ਭਾਰਤ ਸਰਕਾਰ

– ਪਾਓ ਇਨ੍ਹਾਂ ਦੇ ਗਲ ਗੇਂਦੇ ਦੇ ਹਾਰ ਅਤੇ ਹੋਰ ਘੁਮਾਓ ਇਨ੍ਹਾਂ ਨੂੰ ਲਿਮੋਜ਼ੀਨਾਂ 'ਚ! ਕਿਤੇ ਓਹੀ ਗੱਲ ਨਾ ਹੋਵੇ,"ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ, ਲਿੱਦ ਚੁੱਕਣੀ ਪਈ।" ਚਾਰ ਛਿੱਲੜ ਜੋੜ ਕੇ ਪੰਜਾਬ 'ਚ ਖਰੀਦੇ ਖੱਤਿਆਂ 'ਤੇ ਹੁਣ ਸਰਕਾਰ ਅੱਖ ਰੱਖੂ, ਜਿਨ੍ਹਾਂ 'ਤੇ ਪਹਿਲਾਂ ਹੀ ਰਿਸ਼ਤੇਦਾਰਾਂ ਦੀ ਅੱਖ ਸੀ।

* ਛੱਪੜਾਂ ਤੇ ਹੋਰ ਵਿਹਲੀਆਂ ਥਾਵਾਂ 'ਤੇ ਖੜ੍ਹੇ ਪਾਣੀ ਵਿੱਚ ਪੈਦਾ ਹੋਣ ਵਾਲੀ ਕਾਈ ਪੰਜਾਬ ਤੇ ਭਾਰਤ ਦੇ ਲੱਖਾਂ ਲੋਕਾਂ ਲਈ ਇੱਕ ਪੌਸ਼ਟਿਕ ਖੁਰਾਕ ਸਾਬਤ ਹੋ ਸਕਦੀ ਹੈ

– ਹੁਣ ਦੁੱਧ ਘਿਓ ਦੀ ਥਾਂ ਕਾਈ ਖਵਾਓ ਇਨ੍ਹਾਂ ਨੂੰ। ਖਾਣੀ ਸੁੰਡੀਆਂ ਸਮੇਤ ਆ ਜਾਂ ਸੁੰਡੀਆਂ ਕੱਢ ਕੇ ?

* ਸੜਕਾਂ 'ਤੇ 1500 ਕਰੋੜ ਰੁਪਏ ਖਰਚਾਂਗੇ– ਸਰਵਣ ਸਿੰਘ ਫਿਲੌਰ

– ਹਾਲ ਦੀ ਘੜੀ ਤਾਂ ਕਈ ਲਿੰਕ ਸੜਕਾਂ ਵੇਖ ਕੇ ਇਹ ਪਤਾ ਨੀਂ ਲੱਗਦਾ ਬਈ ਟੋਏ ਪਏ ਆ ਜਾਂ ਸੜਕ 'ਚ ਮੋਰਚੇ ਪੱਟੇ ਆ।

* ਆਜ਼ਾਦੀ ਤੋਂ ਬਾਅਦ ਅੱਜ ਵੀ ਗਰੀਬ ਲੋਕ ਗੁਲਾਮ– ਪੰਜਾਬ ਦੇ ਸਾਬਕਾ ਰਾਜਪਾਲ ਛਿੱਬਰ

– ਇਹ ਗੱਲ ਉਦੋਂ ਨੀ ਸੀ ਪਤਾ ਜਦੋਂ ਅੱਡੀ ਮਾਰ-ਮਾਰ ਸਲਾਮੀਆਂ ਦਿੰਦੇ ਸੀ।

* ਫੜੇ ਗਏ ਆਈ ਪੀ ਐਸ ਅਧਿਕਾਰੀ ਦੀ ਸੂਹ 'ਤੇ ਹੈਰੋਇਨ ਮਾਮਲੇ 'ਚ ਚੰਡੀਗੜ੍ਹ ਤੋਂ ਡੀ. ਐਸ. ਪੀ. ਚੁੱਕਿਆ

– ਇਹਦੇ 'ਤੇ ਉਹੀ ਫਾਰਮੂਲਾ ਵਰਤੋ ਜਿਹੜਾ ਮਾੜ੍ਹਤਾਂ 'ਤੇ ਵਰਤਦੇ ਹੋ, ਅੱਧੀ ਫੋਰਸ ਚੁੱਕਣੀ ਪਊ।

* ਸਲੱਮਡੌਗ ਮਿਲੀਨੇਅਰ ਫਿਲਮ ਨੂੰ ਲੈ ਕੇ ਭਾਜਪਾ ਆਗੂ ਅਤੇ ਕਈ ਬਾਲੀਵੁੱਡ ਕਲਾਕਾਰ ਔਖੇ

– ਔਖਿਆਈ ਤਾਂ ਹੋਣੀ ਈ ਸੀ, ਕਿਉਂਕਿ ਇਹ ਅੰਗਰੇਜੀ ਫਿਲਮ "ਇੰਡੀਆਂ ਸ਼ਾਈਨਿੰਗ" ਦੀ ਅਸਲ ਤਸਵੀਰ ਜੁ ਪੇਸ਼ ਕਰਦੀ ਹੈ। ਉਤੋਂ ਫਿਲਮ ਹਾਲੀਵੁੱਡ ਦੀ ਹੋਣ ਕਰਕੇ ਵੇਖਣੀ ਵੀ ਸਾਰੇ ਸੰਸਾਰ ਨੇ ਹੈ, ਜਿਨ੍ਹਾਂ ਅੱਗੇ ਇਹ ਪ੍ਰਭਾਵ ਦਿੱਤਾ ਜਾ ਰਿਹੈ ਬਈ ਭਾਰਤ ਤਾਂ ਅਮਰੀਕਾ ਤੋਂ ਵੀ ਅੱਗੇ ਲੰਘ ਗਿਐ।

* ਡੇਰਾ ਮੁਖੀ ਵਿਰੁੱਧ ਜਾਰੀ ਹੋਏ ਹੁਕਮਨਾਮੇ 'ਤੇ ਸੰਗਤ ਪਹਿਰਾ ਦੇਵੇ - ਪੰਜ ਸਿੰਘ ਸਾਹਿਬਾਨ

– ਸੰਗਤ ਤਾਂ ਪਹਿਰਾ ਦੇਈ ਜਾਂਦੀ ਐ, ਸਿਆਸੀ ਕੂਕਰ ਹੀ ਡੇਰਾ ਸਾਧ ਦੇ ਕੂੰਡੇ 'ਚ ਲੱਸੀ ਪੀਣ ਜਾਂਦੇ ਆ।

–ਮੌਜੀ ਠਾਕੁਰ